### ਅਧਿਆਇ 26

# ਅੱਯੂਬ ਦਾ ਉੱਤਰ

## (ਭਾਗ 1)

ਕੁਝ ਵਿਦਵਾਨ ਅਧਿਆਇ 26 ਦੇ ਕੁਝ ਹਿੱਸੇ ਬਿਲਦਦ ਦੇ ਨਾਵੇਂ ਲਾਉਣ ਦੀ ਬਜਾਇ ਉਨ੍ਹਾਂ ਨੂੰ ਅੱਯੂਬ ਦੇ ਨਾਵੇਂ ਲਾਉਂਦੇ ਹਨ।[1] ਫ੍ਰਾਂਸਿਸ ਆਈ. ਐਂਡਰਸਨ ਨੇ ਇਤਰਾਜ਼ ਕਰਦੇ ਹੋਏ ਕਿਹਾ,

> ਅਧਿਆਇ 26 ਪੂਰੀ ਪੁਸਤਕ ਵਿਚ ਇਕ ਸ਼ਾਨਦਾਰ ਪਾਠ ਹੈ। ਇਹ ਸਿਰਫ ਪ੍ਰਭੂ ਦੇ ਭਾਸ਼ਣਾਂ ਦੁਆਰਾ ਹੀ ਉੱਤਮ ਹੈ, ਜਿਵੇਂ ਕਿ ਢੁੱਕਵਾਂ ਹੈ। ... ਇਹ ਹੈਰਾਨੀ ਦੀ ਗੱਲ ਹੈ ਕਿ ਬਹੁਤ ਸਾਰੇ ਵਿਦਵਾਨਾਂ ਨੇ ਅੱਯੂਬ ਤੋਂ ਇਸ ਭਾਸ਼ਣ ਦੇ ਕੁਝ ਹਿੱਸੇ ਚੋਰੀ ਕੀਤੇ ਹਨ ਅਤੇ ਉਨ੍ਹਾਂ ਨੂੰ ਆਪਣੇ ਇਕ ਜਾਂ ਦੂਜੇ ਮਿੱਤਰਾਂ ਨੂੰ ਦੇ ਦਿੱਤੇ ਹਨ।[2]

ਪਗਟਿੱਪਣੀ ਵਿਚ, ਐਂਡਰਸਨ ਨੇ ਅੱਗੇ ਕਿਹਾ, "ਜਦੋਂ ਸਹਿਮਤੀ ਦੇ ਬਹੁਤ ਘੱਟ ਸੰਕੇਤ ਹੁੰਦੇ ਹਨ, ਤਾਂ ਇਹ ਵਧੀਆ ਹੋਵੇਗਾ ਕਿ ਲਿਖਤ ਨੂੰ ਜਿਵੇਂ ਹੈ ਉਸੇ ਤਰ੍ਹਾਂ ਛੱਡ ਦਿੱਤਾ ਜਾਵੇ, ਕਿਉਂਕਿ ਇਸ ਗੱਲ ਦਾ ਸਬੂਤ ਉਨ੍ਹਾਂ ਤੇ ਹੈ ਜੋ ਇਸ ਨੂੰ ਬਦਲਣਾ ਚਾਹੁੰਦੇ ਹਨ ਅਤੇ ਹੁਣ ਤੱਕ ਇਸ ਗੱਲ ਦਾ ਸਬੂਤ ਨਹੀਂ ਹੈ।"[3]

ਅੱਯੂਬ ਦੇ ਭਾਸ਼ਣ ਨੂੰ ਦੋ ਪੈਰ੍ਹਿਆਂ ਵਿਚ ਵੰਡਿਆ ਗਿਆ ਹੈ। ਪਹਿਲਾ, ਬਿਲਦਦ ਨੇ ਪਿਛਲੇ ਅਧਿਆਇ (26:1-4) ਵਿਚ ਜੋ ਕਿਹਾ ਸੀ ਉਸ ਬਾਰੇ ਇਕ ਵਿਅੰਗਾਤਮਕ ਪ੍ਰਤੀਕਿਰਿਆ ਹੈ। ਇਸ ਤੋਂ ਬਾਅਦ ਸਿਰਜਣਹਾਰ ਅਤੇ ਉਸ ਦੀ ਰਚਨਾ ਦਾ ਇਕ ਸੁੰਦਰ ਵਰਣਨ ਹੈ (26:5-14)।

## "ਤੂੰ ਗਿਆਨ ਤੋਂ ਬਿਨਾ ਸਲਾਹ ਦਿੱਤੀ" (26:1-4)

**1ਫੇਰ ਅੱਯੂਬ ਨੇ ਉੱਤਰ ਦੇ ਕੇ ਆਖਿਆ, 2ਤੈਂ ਨਿਰਬਲ ਦੀ ਸਹਾਇਤਾ ਕਿਵੇਂ ਕੀਤੀ, ਅਤੇ ਬਲਹੀਣ ਬਾਂਹ ਨੂੰ ਕਿਵੇਂ ਬਚਾਇਆ। 3ਤੈਂ ਬੁੱਧਹੀਣ ਨੂੰ ਕੇਹੀ ਸਲਾਹ ਦਿੱਤੀ, ਅਤੇ ਅਸਲੀ ਗਿਆਨ ਬਹੁਤਾ ਸਾਰਾ ਦੱਸਿਆ। 4ਤੈਂ ਕਿਹ ਨੂੰ ਗੱਲਾਂ ਦੱਸੀਆਂ, ਅਤੇ ਕਿਹ ਦਾ ਸਾਹ ਤੇਰੇ ਵਿੱਚੋਂ ਨਿੱਕਲਿਆ?**

**ਆਇਤਾਂ 1-3. ਅੱਯੂਬ ਨੇ** ਬਿਲਦਦ ਦੇ ਭਾਸ਼ਣ ਦਾ **ਉੱਤਰ** ਵਿਅੰਗ ਅਤੇ ਘਿਰਣਾ ਨਾਲ **ਦਿੱਤਾ।** ਨਿਸ਼ਚਤ ਤੌਰ ਤੇ ਬਿਲਦਦ ਅਤੇ ਹੋਰਨਾਂ ਮਿੱਤਰਾਂ **ਨਿਰਬਲ ਦੀ ਕੋਈ ਸਹਾਇਤਾ** ਨਹੀਂ ਸੀ ਕੀਤੀ ਅਤੇ ਉਨ੍ਹਾਂ ਨੇ **ਬਲਹੀਣ ਬਾਂਹ ਨੂੰ ਨਹੀਂ ਬਚਾਇਆ** ਸੀ। ਉਨ੍ਹਾਂ ਦੀ **ਸਲਾਹ** ਅਤੇ **ਗਿਆਨ** ਪੂਰੀ ਤਰ੍ਹਾਂ ਨਾਲ ਅੱਯੂਬ ਦੀ ਦੁਰਦਸ਼ਾ ਦੇ ਸੰਦਰਭ ਵਿਚ ਨਿਸ਼ਾਨੇ ਤੋਂ ਖੁੰਝ ਗਏ ਸਨ।

ਅੱਯੂਬ ਦੇ ਸ਼ਬਦ ਉਨ੍ਹਾਂ ਲੋਕਾਂ ਲਈ ਇਕ ਚਿਤਾਵਨੀ ਵਜੋਂ ਕੰਮ ਕਰਨੇ ਚਾਹੀਦੇ ਹਨ ਜਿਹੜੇ ਉਨ੍ਹਾਂ ਲੋਕਾਂ ਨੂੰ ਜਲਦੀ ਸਲਾਹ ਦਿੰਦੇ ਹਨ ਜਿਹੜੇ ਕਿਸੇ ਵੱਡੇ ਦੁੱਖ ਵਿਚ ਹਨ। ਜਿਵੇਂ ਪਹਿਲਾਂ ਦੱਸਿਆ ਗਿਆ ਸੀ, ਮਿੱਤਰਾਂ ਨੇ ਆਪਣਾ ਸਭ ਤੋਂ ਵੱਡਾ ਗਿਆਨ ਉਸ ਸਮੇਂ ਵਿਖਾਇਆ ਜਦੋਂ ਉਹ ਸੱਤ ਦਿਨਾਂ ਤੱਕ ਅੱਯੂਬ ਨਾਲ ਸ਼ਾਂਤ ਬੈਠੇ ਰਹੇ (2:13)। ਇਹ ਸਿਰਫ ਉਦੋਂ ਸੀ ਜਦੋਂ ਉਨ੍ਹਾਂ ਨੇ ਆਪਣਾ ਮੂੰਹ ਖੋਲ੍ਹਿਆ ਅਤੇ ਉਹ ਬੋਲਿਆ ਜੋ ਪਰਮੇਸ਼ੁਰ ਬਾਰੇ ਸਹੀ ਨਹੀਂ ਸੀ (42:7)।

**ਆਇਤ 4. ਤੈਂ ਕਿਹ ਨੂੰ ਗੱਲਾਂ ਦੱਸੀਆਂ?** ਬਿਲਦਦ ਨੇ ਜੋ ਕਿਹਾ ਸੀ ਉਹ ਅੱਯੂਬ ਉੱਤੇ ਲਾਗੂ ਨਹੀਂ ਹੋਇਆ ਅਤੇ ਨਾ ਹੀ ਉਸ ਦੇ ਵਿਸ਼ੇਸ਼ ਮਾਮਲੇ ਵਿਚ ਢੁੱਕਵਾਂ ਸੀ। **ਅਤੇ ਕਿਹ ਦਾ ਸਾਹ ਤੇਰੇ ਵਿੱਚੋਂ ਨਿੱਕਲਿਆ?** "ਸਾਹ" ਲਈ ਇੱਥੇ ਜਿਹੜਾ ਇਬਰਾਨੀ ਸ਼ਬਦ נְשָׁמָה *(ਨੀਸ਼ਾਮਾਹ)* ਵਰਤਿਆ ਗਿਆ ਹੈ ਉਹ ਉਸ ਸ਼ਬਦ ਦਾ ਸਮਾਨਾਰਥੀ ਸ਼ਬਦ ਹੈ ਜੋ ਕਿ "ਆਤਮਾ," נֶפֶשׁ *(ਨੀਪੇਸ਼)* ਲਈ ਆਮ ਕਰਕੇ ਇਬਰਾਨੀ ਸ਼ਬਦ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਜੌਨ ਈ. ਹਾਰਟਲੀ ਨੇ ਕਿਹਾ, "[ਇਹ] ਮਨੁੱਖੀ ਜੀਵਨ ਦਾ ਸਿਧਾਂਤ ਹੈ ਜੋ ਪਰਮੇਸ਼ੁਰ ਦੁਆਰਾ ਦਿੱਤਾ ਗਿਆ ਹੈ (ਉਤਪਤ 2:7; ਅੱਯੂਬ 33:4)। ਇਹ ਰੱਬੀ ਪ੍ਰੇਰਣਾ ਪ੍ਰੇਰਣਾ ਨੂੰ ਵੀ ਦਰਸਾਉਂਦਾ ਹੈ ਜੋ ਇਕ ਵਿਅਕਤੀ ਦੇ ਅੰਦਰ ਇਕ ਵਿਸ਼ੇਸ਼ ਡੂੰਘਾ ਗਿਆਨ ਪੈਦਾ ਕਰਦਾ ਹੈ (ਤੁਲਨਾ ਕਰੋ 32:8)।"[4] ਨਿਸ਼ਚਤ ਤੌਰ ਤੇ ਅਲੀਫ਼ਜ਼ ਨੇ ਸੋਚਿਆ ਕਿ ਉਸ ਨੂੰ ਵਿਸ਼ੇਸ਼ ਗਿਆਨ ਮਿਲਿਆ ਸੀ (4:12-21)। ਪਰ, ਅੱਯੂਬ ਨੇ ਮਿੱਤਰਾਂ ਦੇ ਗਿਆਨ ਦੇ ਸਰੋਤ ਤੇ ਸਵਾਲ ਉਠਾਇਆ; ਇਹ ਪਰਮੇਸ਼ੁਰ ਨਾਲ ਉਤਪੰਨ ਨਹੀਂ ਸੀ ਹੋਇਆ।

## "ਪਰਮੇਸ਼ੁਰ ਸਮਝ ਤੋਂ ਪਰੇ ਮਹਾਨ ਹੈ" (26:5-14)

**5ਭੂਤਨੇ ਕੰਬਦੇ ਹਨ, ਪਾਣੀਆਂ ਅਤੇ ਉਨ੍ਹਾਂ ਦੇ ਰਹਿਣ ਵਾਲਿਆਂ ਦੇ ਹੇਠੋਂ। 6ਪਤਾਲ ਉਹ
ਦੇ ਅੱਗੇ ਨੰਗਾ ਹੈ, ਅਤੇ ਨਰਕ ਬੇਪੜਦਾ ਹੈ। 7ਉਹ ਉੱਤਰ ਦੇਸ ਨੂੰ ਵੇਹਲੇ ਥਾਂ ਉੱਤੇ ਫੈਲਾਉਂਦਾ
ਹੈ, ਉਹ ਧਰਤੀ ਨੂੰ ਬਿਨਾ ਸਹਾਰੇ ਦੇ ਲਟਕਾਉਂਦਾ ਹੈ। 8ਉਹ ਪਾਣੀਆਂ ਨੂੰ ਆਪਣੀਆਂ ਘਟਾਂ
ਵਿੱਚ ਬੰਨ੍ਹਦਾ ਹੈ, ਪਰ ਬੱਦਲ ਉਨ੍ਹਾਂ ਦੇ ਹੇਠ ਪਾਟਦਾ ਨਹੀਂ। 9ਉਹ ਆਪਣੀ ਰਾਜ ਗੱਦੀ ਨੂੰ
ਢੱਕ ਲੈਂਦਾ ਹੈ, ਉਹ ਆਪਣਾ ਬੱਦਲ ਉਸ ਉੱਤੇ ਵਿਛਾਉਂਦਾ ਹੈ। 10ਉਹ ਨੇ ਪਾਣੀਆਂ ਉੱਤੇ
ਕੁੰਡਲ, ਚਾਨਣ ਤੇ ਅਨ੍ਹੇਰ ਦੀ ਹੱਦ ਤੀਕ ਪਾ ਦਿੱਤਾ। 11ਅਕਾਸ਼ ਦੇ ਥੰਮ੍ਹ ਹਿੱਲਦੇ ਹਨ, ਅਤੇ
ਉਸ ਦੀ ਝਿੜਕੀ ਤੋਂ ਹੈਰਾਨ ਹੁੰਦੇ ਹਨ। 12ਉਸ ਆਪਣੇ ਬਲ ਤੋਂ ਸਮੁੰਦਰ ਨੂੰ ਉਛਾਲ ਦਿੱਤਾ
ਹੈ, ਅਤੇ ਆਪਣੀ ਬੁੱਧੀ ਨਾਲ ਰਾਹਬ ਨੂੰ ਮਾਰ ਸੁੱਟਿਆ ਹੈ। 13ਉਹ ਦੇ ਆਤਮਾ ਨਾਲ ਅਕਾਸ਼
ਸਜਾਇਆ ਗਿਆ, ਉਹ ਦੇ ਹੱਥ ਨੇ ਉਡਣੇ ਸੱਪ ਨੂੰ ਵਿੰਨ੍ਹ ਸੁੱਟਿਆ ਹੈ। 14ਵੇਖੋ, ਏਹ ਉਹ ਦੇ
ਰਾਹਾਂ ਦੇ ਕੰਢੇ ਹੀ ਹਨ, ਅਤੇ ਅਸੀਂ ਉਹ ਦੀ ਕਿੰਨੀ ਹੌਲੀ ਅਵਾਣ ਸੁਣਦੇ ਹਾਂ। ਪਰ ਉਹ ਦੀ
ਸਮਰੱਥਾ ਦੀ ਗਰਜ ਕੌਣ ਸਮਝ ਸੱਕਦਾ ਹੈ?**

ਅੱਯੂਬ ਨੇ ਆਪਣੇ ਉੱਤਰ ਨੂੰ ਰਚਨਹਾਰ ਅਤੇ ਉਸ ਦੀ ਰਚਨਾ ਉੱਤੇ ਵਿਆਪਕ ਧਿਆਨ ਨਾਲ ਖਤਮ ਕੀਤਾ। "ਇਕ ਦਰਜਨ ਤੋਂ ਵੱਧ ਤੱਤ ਸੂਚੀਬੱਧ ਕੀਤੇ ਗਏ ਹਨ: ਧਰਤੀ, ਪਾਣੀ, ਬੱਦਲ, ਅਕਾਸ਼, ਆਦਿ, ਕਈ ਵਾਰ ਪੁਰਾਣੇ ਮਿਥਿਹਾਸਕ ਨਾਮਾਂ ਦੇ ਹੇਠ।"[5] ਇਹ ਨਹੀਂ ਸਮਝਿਆ ਜਾਣਾ ਚਾਹੀਦਾ ਕਿ ਅੱਯੂਬ ਨੇ ਉਨ੍ਹਾਂ ਮਿੱਥਾਂ ਨੂੰ ਸਵੀਕਾਰ ਕੀਤਾ, ਪਰ ਇਹ ਨਾਮ ਉਸ ਅਫਰਾਤਫਰੀ ਲਈ ਪ੍ਰਤੀਕਾਤਮਕ ਰੂਪ ਵਿਚ ਖੜ੍ਹੇ ਸਨ ਜਿਨ੍ਹਾਂ ਤੇ ਪ੍ਰਭੂ ਦਾ ਦਬਦਬਾ ਸੀ।

**ਆਇਤਾਂ 5, 6.** ਇਹ ਆਇਤਾਂ ਮਰੇ ਹੋਏ ਲੋਕਾਂ ਦੀ ਸਥਿਤੀ ਬਾਰੇ ਅੱਯੂਬ ਦਾ ਆਖ਼ਰੀ ਵਿਚਾਰ ਦੱਸਦੀਆਂ ਹਨ। ਇੱਥੇ ਮੌਤ ਬਾਰੇ ਅੱਯੂਬ ਦੀ ਧਾਰਣਾ ਅਤੇ ਮਰੇ ਹੋਏ ਲੋਕਾਂ ਦੀ ਖੇਤਰ ਦਾ ਇਕ ਉੱਤਮ ਸਾਰ ਹੈ:

> ਮੌਤ ਸਾਰੀ ਮਨੁੱਖਜਾਤੀ ਦਾ ਸਮਤਲ ਤਜਰਬਾ ਹੈ - ਗੁਲਾਮਾਂ ਤੋਂ ਲੈ ਕੇ ਰਾਜਕੁਮਾਰਾਂ ਅਤੇ ਰਾਜਿਆਂ, ਵੱਡਿਆਂ ਤੋਂ ਲੈ ਕੇ ਛੋਟਿਆਂ ਤੱਕ। ਇਹ "ਦੁਸ਼ਟ ਛੇੜ ਖਾਨੀ ਤੋਂ ਰੁਕੇ ਰਹਿੰਦੇ ਹਨ, ਉੱਥੇ ਥੱਕੇ ਮਾਂਦੇ ਅਰਾਮ ਪਾਉਂਦੇ ਹਨ" (3:13-19)। ਪਤਾਲ ਉਹ ਜਗ੍ਹਾ ਹੈ ਜਿੱਥੋਂ ਕੋਈ ਵਾਪਸ ਨਹੀਂ ਆਉਂਦਾ (7:8-10, 21), ਅੱਧੀ ਰਾਤ ਦੇ ਅਨ੍ਹੇਰੇ ਦਾ ਖੇਤਰ (10:21-22) ਜਿਸ ਵਿੱਚੋਂ ਮਨੁੱਖ ਨਹੀਂ ਉੱਠਦੇ (14:10-12)। ਪਰ ਰੁਕੋ; ਕੀ ਉਹ ਦੁਬਾਰਾ ਉੱਠ ਸਕਦਾ ਹੈ? ਇਹ ਇਕ ਚੰਗਾ ਸਵਾਲ ਹੈ (14:13)। ਵਿਚਾਰ ਖਤਮ ਕਰੋ; ਨਹੀਂ, ਉਹ ਵਾਪਸ ਨਹੀਂ ਆਵੇਗਾ (ਉਮੀਦ ਦੀ ਘਾਟ) (16:2)। ਪਰ ਕਿਉਂਕਿ "ਮੇਰਾ ਨਿਸਤਾਰਾ ਦੇਣ ਵਾਲਾ ਜੀਉਂਦਾ ਹੈ," ਅਤੇ ਆਪਣੀ ਖੱਲ ਦੇ ਨਾਸ ਹੋਣ ਮਗਰੋਂ - ਮੈਂ ਆਪਣੇ ਮਾਸ ਤੋਂ ਬਿਨਾ - ਪਰਮੇਸ਼ੁਰ ਨੂੰ ਵੇਖਾਂਗਾ (19:25-27)। ਨਿਹਚਾ ਅਤੇ ਆਸ ਡਗਮਗਾਉਂਦੀ ਹੈ ਅਤੇ ਉੱਠ ਜਾਂਦੀ ਹੈ; ਦੋਵੇਂ ਵਧ ਰਹੇ ਹਨ। ਖੁਸ਼ਹਾਲ ਅਤੇ ਭੜਕੇ ਹੋਏ ਵਿਚਕਾਰ ਕੋਈ ਅੰਤਰ ਨਹੀਂ ਹੈ; "ਓਹ ਦੋਵੇਂ ਖ਼ਾਕ ਵਿੱਚ ਪਏ ਰਹਿੰਦੇ ਹਨ" (21:23-26)। ਅੱਯੂਬ ਸਮਝ ਗਿਆ ਕਿ ਇਹ ਦੁਸ਼ਟ ਦਾ ਅੰਤ ਹੈ ਜਿਸ ਦੀ ਉਸ ਨੇ ਚਰਚਾ ਕੀਤੀ ਸੀ (24:19-20)। ਅੱਯੂਬ ਦੇ ਵਿਚਾਰਾਂ ਵਿਚ, ਵਿਚਾਰ ਵਟਾਂਦਰੇ ਦੇ ਵੱਖ-ਵੱਖ ਬਿੰਦੂਆਂ ਤੇ, ਪਾਠਕ ਆਪਣੇ ਦਿਲ ਵਿਚ ਚੱਲ ਰਹੀ ਜੱਦੋ-ਜਹਿਦ ਨੂੰ ਵੇਖਦਾ ਹੈ ਜਿਸ ਵਿਚ ਉਹ ਡੁੱਬਦਾ ਹੈ ਅਤੇ ਨਿਰਾਸ਼ਾ ਤੋਂ ਉੱਭਰ ਕੇ ਉੱਚ ਪੱਧਰੀ ਉਮੀਦ ਵੱਲ ਜਾਂਦਾ ਹੈ, ਜੋ ਕਿ ਇਹ ਪ੍ਰਭਾਵ ਛੱਡਦਾ ਹੈ ਕਿ ਉਹ ਆਪਣਾ ਰਾਹ ਮਹਿਸੂਸ ਕਰ ਰਿਹਾ ਹੈ।[6]

ਪਰਮੇਸ਼ੁਰ ਦਾ ਮੁਰਦਿਆਂ ਦੇ ਉਸ ਖੇਤਰ ਉੱਤੇ ਪੂਰਾ ਨਿਯੰਤਰਣ ਹੈ, ਜਿਸ ਦਾ ਤਿੰਨ ਨਾਵਾਂ - **ਪਾਣੀਆਂ**, **ਪਤਾਲ** ਅਤੇ **ਅਬੱਦੋਨ** - ਦੁਆਰਾ ਹਵਾਲਾ ਦਿੱਤਾ ਗਿਆ ਹੈ। ਕਈਆਂ ਦਾ ਮੰਨਣਾ ਸੀ ਕਿ ਪਤਾਲ ਧਰਤੀ ਦੇ "ਪਾਣੀਆਂ" ਦੇ ਹੇਠਾਂ ਸੀ। "ਅਬੱਦੋਨ" ਸ਼ਬਦ ਦਾ ਅਰਥ ਹੈ "ਨਾਸ" ਅਤੇ ਹੋਰ ਕਿਤੇ ਇਹ "ਮੌਤ," "ਕਬਰ" ਅਤੇ "ਪਤਾਲ" ਨਾਲ ਜੁੜਿਆ ਹੋਇਆ ਹੈ (28:22; ਜ਼ਬੂਰ 88:11; ਕਹਾਉਤਾਂ 15:11; 27:20)।

**ਆਇਤ 7. ਉਹ ਉੱਤਰ ਦੇਸ ਨੂੰ ਵੇਹਲੇ ਥਾਂ ਉੱਤੇ ਫੈਲਾਉਂਦਾ ਹੈ, ਉਹ ਧਰਤੀ ਨੂੰ ਬਿਨਾ ਸਹਾਰੇ ਦੇ ਲਟਕਾਉਂਦਾ ਹੈ।** ਇਹ ਸੰਭਾਵਨਾ ਨਹੀਂ ਹੈ ਕਿ ਅੱਯੂਬ ਇੱਥੇ ਆਧੁਨਿਕ ਖਗੋਲ ਵਿਗਿਆਨ ਦੀ ਉਮੀਦ ਕਰ ਰਿਹਾ ਸੀ। ਵੇਨ ਜੈਕਸਨ ਨੇ ਸਮਝਦਾਰੀ ਨਾਲ ਕਿਹਾ,

> ਇਸ ਬੰਦ ਨੇ ਪ੍ਰਸਿੱਧ ਤੌਰ ਤੇ ਪੂਰਵਗਿਆਨ ਦੇ ਯੁਗ ਵਿਚ ਪ੍ਰੇਰਿਤ ਗਿਆਨ ਦੇ ਮਾਮਲੇ ਵਜੋਂ ਅਪੀਲ ਕੀਤੀ। ਇਸ ਲੇਖਕ [ਵੇਨ ਜੈਕਸਨ] ਨੇ ਬੀਤੇ ਸਮੇਂ ਵਿਚ ਖੁਦ ਆਇਤ ਦੀ ਇਸ ਤਰ੍ਹਾਂ ਵਰਤੋਂ ਕੀਤੀ ਹੈ, ਪਰ ਹੁਣ ਅਜਿਹਾ ਕਰਨ ਵਿਚ ਜ਼ਿਆਦਾ ਝਿੱਕਦਾ ਹੈ ਅਤੇ ਇਸੇ ਕਾਰਣ ਕਰਕੇ। *ਇਸ* ਆਇਤ (26:7) ਵਿਚ ਅੱਯੂਬ ਦੇ "ਪ੍ਰੇਰਿਤ ਵਚਨ" ਨੂੰ ਕੋਈ 9:22-24 ਵਿਚ ਸਪੱਸ਼ਟ ਤੌਰ ਤੇ ਪਰਮੇਸ਼ੁਰ ਦੇ *ਅਪ੍ਰੇਰਿਤ* ਵਰਣਨ ਨਾਲ ਕਿਵੇਂ ਮਿਲਾਉਂਦਾ ਹੈ?[7]

ਪੂਰਵਜਾਂ ਦਾ ਮੰਨਣਾ ਸੀ ਕਿ ਦੇਵਤੇ "ਉੱਤਰ" ਵਿਚ ਰਹਿੰਦੇ ਸਨ। "ਉੱਤਰ" ਦੀ ਵਰਤੋਂ ਇੱਥੇ ਦਿਸ਼ਾ ਦਰਸਾਉਣ ਲਈ ਨਹੀਂ ਕੀਤੀ ਗਈ ਹੈ, ਬਲਕਿ "ਉੱਚੇ ਅਕਾਸ਼ਾਂ, ਪਰਮੇਸ਼ੁਰ ਦੇ ਸਿੰਘਾਸਣ ਵਾਲੇ ਸਥਾਨ ਦੇ ਲਈ ਇਕ ਸਥਾਨਕ ਸ਼ਬਦ "ਵਜੋਂ ਕੰਮ ਕਰਦੀ ਹੈ।"[8] ਇਸ ਤਰ੍ਹਾਂ, "ਉੱਤਰ," ਸਭ ਤੋਂ ਉੱਚੇ ਅਕਾਸ਼ "ਪਤਾਲ" ਅਤੇ "ਅਬੱਦੋਨ," ਸਭ ਤੋਂ ਡੂੰਘੀਆਂ ਗਹਿਰਾਈਆਂ ਦੇ ਉਲਟ ਹੈ (26:6)। "ਵੇਹਲੇ ਥਾਂ" (תֹּהוּ, *ਥੋਹੂ)* ਉਹੀ ਸ਼ਬਦ ਹੈ ਜੋ ਮੂਸਾ ਦੁਆਰਾ ਪਰਮੇਸ਼ੁਰ ਦੇ

ਰਚਨਾਤਮਕ ਕੰਮਾਂ ਤੋਂ ਪਹਿਲਾਂ ਸੰਸਾਰ ਦਾ ਵਰਣਨ ਕਰਨ ਲਈ ਵਰਤਿਆ ਗਿਆ ਸੀ (ਉਤਪਤ 1:2)।

**ਆਇਤ 8.** ਪਰਮੇਸ਼ੁਰ **ਆਪਣੇ ਬੱਦਲ** ਨੂੰ ਭਾਰੀ ਮਾਤਰਾ ਵਿਚ ਪਾਣੀਆਂ ਨਾਲ ਭਰਦਾ ਹੈ, ਫਿਰ ਵੀ ਉਹ ਇਸ ਭਾਰ ਦੇ ਹੇਠਾਂ ਨਹੀਂ **ਪਾਟਦਾ** ਅਤੇ ਪੂਰੀ ਧਰਤੀ ਨੂੰ ਹੜ੍ਹ ਨਾਲ ਨਹੀਂ ਭਰਦਾ। ਬੱਦਲਾਂ ਦਾ ਲਗਾਤਾਰ ਬਦਲਣਾ ਪਰਮੇਸ਼ੁਰ ਦੀ ਸ਼ਕਤੀ, ਬਣਾਵਟ ਅਤੇ ਕਲਾਤਮਕ ਸੁਭਾਅ ਦੀ ਗਵਾਹੀ ਦਿੰਦਾ ਹੈ। ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਨਣ ਕਰਦੇ ਹਨ, ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ" (ਜ਼ਬੂਰ 19:1)।

**ਆਇਤ 9. ਉਹ ਆਪਣੀ ਰਾਜ ਗੱਦੀ ਨੂੰ ਢੱਕ ਲੈਂਦਾ ਹੈ, ਉਹ ਆਪਣਾ ਬੱਦਲ ਉਸ ਉੱਤੇ ਵਿਛਾਉਂਦਾ ਹੈ।** NASB ਦੇ ਨਾਲ-ਨਾਲ, ਕੁਝ ਸੰਸਕਰਣ (NIV; NRSV; NEB) ਇਬਰਾਨੀ ਲਿਖਤ ਨੂੰ "ਰਾਜ ਗੱਦੀ" (כִּסֵּא, *ਕੀਸ)* ਦੇ ਹਵਾਲੇ ਵਜੋਂ ਸਮਝਦੇ ਹਨ, ਜਦ ਕਿ ਹੋਰਾਂ ਵਿਚ "ਸਿੰਘਾਸਣ" (כֶּסֶה, *ਕਿੱਸੇ)* ਹੈ (KJV; ASV; NJPSV)। ਜੇਕਰ "ਰਾਜ ਗੱਦੀ" ਸਹੀ ਹੈ, ਤਾਂ ਪਰਮੇਸ਼ੁਰ "ਇਕ ਬੱਦਲ ਦੇ ਪਿੱਛੇ ਆਪਣੀ ਰਾਜ ਗੱਦੀ ਨੂੰ ਛੁਪਾਉਂਦਾ ਹੈ" (TEV)। ਜੇਕਰ "ਸਿੰਘਾਸਣ" ਸਹੀ ਹੈ, ਤਾਂ ਪਰਮੇਸ਼ੁਰ "ਆਪਣੇ ਬੱਦਲਾਂ ਨਾਲ ਆਪਣੇ ਸਿੰਘਾਸਣ ਨੂੰ ਢੱਕ ਲੈਂਦਾ ਹੈ" (NLT)। ਨਤੀਜੇ ਵਜੋਂ, ਕੋਈ ਮਨੁੱਖ ਉਸ ਦੀ ਰੱਬੀ ਮਹਿਮਾ ਨੂੰ ਨਹੀਂ ਵੇਖ ਸਕਦਾ।

**ਆਇਤ 10.** ਜਦੋਂ ਇਕ ਵਿਅਕਤੀ ਹੱਦ ਨੂੰ ਵੇਖਦਾ ਹੈ, ਉਹ **ਚਾਨਣ ਅਤੇ ਅਨ੍ਹੇਰ ਦੀ ਹੱਦ** ਨੂੰ ਵੇਖਦਾ ਹੈ। "ਚਾਨਣ" ਵੇਖੇ ਹੋਏ ਨੂੰ ਦਰਸਾਉਂਦਾ ਹੈ, ਜਦੋਂ ਕਿ "ਅਨ੍ਹੇਰਾ" ਅਣਦੇਖੇ ਹੋਏ ਨੂੰ, ਦੋਵੇਂ ਹੱਦ ਤੇ ਅਤੇ ਪਾਣੀਆਂ ਦੇ ਹੇਠਾਂ ਹਨ।

**ਆਇਤ 11. ਅਕਾਸ਼ ਦੇ ਥੰਮ੍ਹ** ਇਕ ਕਾਵਿ ਮੁਹਾਵਰਾ ਹੋ ਸਕਦਾ ਹੈ ਜੋ ਦੂਰ ਪਹਾੜਾਂ ਦਾ ਵਰਣਨ ਕਰਦਾ ਹੈ ਜੋ ਅਕਾਸ਼ ਨੂੰ ਸਹਾਰਾ ਦਿਖਾਈ ਦਿੰਦੇ ਜਾਪਦੇ ਹਨ। ਇਹ ਪਹਾੜ ਪਰਮੇਸ਼ੁਰ ਦੀ ਝਿੜਕੀ ਤੇ ਹਿੱਲਦੇ ਹਨ, ਜਾਂ ਤਾਂ ਭੁਚਾਲ ਜਾਂ ਗਰਜ ਦੀ ਅਵਾਜ਼ ਨਾਲ (26:14)।

**ਆਇਤਾਂ 12, 13. ਰਾਹਬ ਅਤੇ ਉਡਣੇ ਸੱਪ** ਯਹੋਵਾਹ ਦੁਆਰਾ ਸੰਜਮਿਤ ਅਰਾਜਕ ਸ਼ਕਤੀਆਂ ਦੇ ਪ੍ਰਤੀਕ ਹਨ (9:13 ਤੇ ਟਿੱਪਣੀਆਂ ਵੇਖੋ)। ਹੇਲੀ ਨੇ ਕਿਹਾ, "ਭਾਵੇਂ ਰਾਹਬ ਨੂੰ ਸਮੁੰਦਰ ਦਾ ਰਾਖਸ਼ ਮੰਨਿਆ ਜਾਵੇ ਜੋ ਸਮੁੰਦਰ ਨੂੰ ਉਛਾਲਦਾ ਹੈ, ਜਾਂ ਘੁਮੰਡ ਵਾਲਾ ਮਨੁੱਖ ਜਿਹੜਾ ਸਮਾਜ ਵਿਚ ਤੂਫਾਨ ਪੈਦਾ ਕਰਦਾ ਹੈ, ਪਰਮੇਸ਼ੁਰ ਦੋਹਾਂ ਨੂੰ ਸ਼ਾਂਤ ਕਰਾਉਣ ਦੇ ਯੋਗ ਹੈ।"[9]

**ਆਇਤ 14.** ਅੱਯੂਬ ਪਰਮੇਸ਼ੁਰ ਦੀ ਸ਼ਕਤੀ ਅਤੇ ਸਮਰੱਥਾ ਤੋਂ ਹੈਰਾਨ ਹੋਇਆ। ਅਸੀਂ ਸਿਰਫ **ਉਹ ਦੇ ਰਾਹਾਂ ਦੇ ਕੰਢੇ** ਜਾਂ ਇਕ **ਹੌਲੀ ਅਵਾਜ਼** ਨੂੰ ਜਾਣਦੇ ਹਾਂ। ਅਸੀਂ ਉਸ ਬ੍ਰਹਿਮੰਡ ਦੇ ਯਹੋਵਾਹ ਦੇ ਕੰਮ ਦੀ ਪੂਰੀ ਤਰ੍ਹਾਂ ਪ੍ਰਸ਼ੰਸਾ ਨਹੀਂ ਕਰ ਸਕਦੇ ਜਿਸ ਵਿਚ ਉਸ ਨੇ ਸਾਨੂੰ ਰੱਖਿਆ ਹੈ। ਸਾਡਾ ਜਵਾਬ ਸਿਰਫ ਸ਼ਰਧਾ ਅਤੇ ਆਦਰ ਹੈ ਕਿਉਂਕਿ:

> ਅਤੇ ਉਸ ਨੇ ਮਨੁੱਖਾਂ ਦੀ ਹਰੇਕ ਕੌਮ ਨੂੰ ਸਾਰੀ ਧਰਤੀ ਉੱਤੇ ਵੱਸਣ ਲਈ ਇੱਕ ਤੋਂ ਰਚਿਆ ਅਤੇ ਉਨ੍ਹਾਂ ਦੇ ਥਾਪੇ ਹੋਏ ਸਮੇਂ ਅਤੇ ਰਹਿਣ ਦੀਆਂ ਹੱਦਾਂ ਠਹਿਰਾਈਆਂ ਭਈ ਓਹ ਪਰਮੇਸ਼ੁਰ ਨੂੰ ਭਾਲਣ ਭਈ ਕੀ ਜਾਣੀਏ ਉਸ ਨੂੰ ਟੋਹ ਕੇ ਲੱਭ ਲੈਣ ਭਾਵੇਂ ਉਹ ਸਾਡੇ ਵਿੱਚੋਂ ਕਿਸੇ ਤੋਂ ਦੂਰ ਨਹੀਂ (ਰਸੂਲਾਂ ਦੇ ਕਰਤੱਬ 17:26, 27)।

# ਪ੍ਰਾਸੰਗਿਕਤਾ

**ਸਾਡੀ ਸਮਝ ਤੋਂ ਪਰੇ (26:5-14)**

ਅੱਯੂਬ ਨੇ 26:5-14 ਵਿਚ ਪਰਮੇਸ਼ੁਰ ਦੀ ਮਹਾਨਤਾ ਅਤੇ ਉਸ ਦੀ ਰਚਨਾ ਬਾਰੇ ਦੱਸਿਆ। ਪਰਮੇਸ਼ੁਰ ਦਾ ਮੁਰਦਿਆਂ ਦੇ ਖੇਤਰ ਅਰਥਾਤ ਪਤਾਲ ਉੱਤੇ ਪੂਰਾ ਨਿਯੰਤਰਣ ਹੈ, ਜੋ ਪਾਣੀ ਦੇ ਹੇਠਾਂ ਦਰਸਾਇਆ ਗਿਆ ਹੈ (26:5, 6)। ਇਸ ਦੇ ਉਲਟ, ਉਹ ਸਰਵ ਉੱਚ ਅਕਾਸ਼ ਉੱਤੇ ਵੀ ਰਾਜ ਕਰਦਾ ਹੈ, ਉਹ ਜਗ੍ਹਾ ਜਿੱਥੇ ਉਹ ਬਿਰਾਜਮਾਨ ਹੈ (26:7-10)। ਪਰਮੇਸ਼ੁਰ ਜਾਂ ਤਾਂ ਭੁਚਾਲ ਜਾਂ ਆਪਣੀ ਅਵਾਜ਼ ਦੀ ਗਰਜ ਨਾਲ ਪਹਾੜਾਂ ("ਅਕਾਸ਼ ਦੇ ਥੰਮ੍ਹਾਂ") ਨੂੰ ਹਿਲਾ ਕੇ ਉਨ੍ਹਾਂ ਉੱਤੇ ਆਪਣਾ ਅਧਿਕਾਰ ਦਰਸਾਉਂਦਾ ਹੈ (26:11)। ਇਸ ਤੋਂ ਇਲਾਵਾ, ਉਸ ਕੋਲ ਸਮੁੰਦਰ ਨੂੰ ਸ਼ਾਂਤ ਕਰਨ ਦੀ ਸ਼ਕਤੀ ਹੈ, ਜਿਸ ਨੂੰ ਅਕਸਰ ਅਫਰਾਤਫਰੀ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਸੀ (26:12, 13)। ਸਰਵੇਖਣ ਦੇ ਤਰੀਕੇ ਨਾਲ, ਅੱਯੂਬ ਨੇ ਦਿਖਾਇਆ ਕਿ ਪਰਮੇਸ਼ੁਰ ਹਰ ਚੀਜ਼ ਉੱਤੇ ਰਾਜ ਕਰਨ ਵਾਲਾ ਹੈ। ਉਸ ਨੇ ਸਿੱਟਾ ਕੱਢਿਆ, "ਵੇਖੋ, ਏਹ ਉਹ ਦੇ ਰਾਹਾਂ ਦੇ ਕੰਢੇ ਹੀ ਹਨ, ਅਤੇ ਅਸੀਂ ਉਹ ਦੀ ਕਿੰਨੀ ਹੌਲੀ ਅਵਾਜ਼ ਸੁਣਦੇ ਹਾਂ! ਪਰ ਉਹ ਦੀ ਸਮਰੱਥਾ ਦੀ ਗਰਜ ਕੌਣ ਸਮਝ ਸੱਕਦਾ ਹੈ?" (26:14)। ਅੱਯੂਬ ਕਹਿ ਰਿਹਾ ਸੀ ਕਿ ਉਸ ਦੇ ਦੁਆਰਾ ਵਰਣਨ ਕੀਤੀਆਂ ਗਤੀਵਿਧੀਆਂ ਪਰਮੇਸ਼ੁਰ ਦੇ ਕੰਮ ਨੂੰ ਉਸ ਦੀ ਰਚਨਾ ਵਿਚ ਸ਼ਾਮਲ ਕਰਨਾ ਸ਼ੁਰੂ ਨਹੀਂ ਕਰਦੀਆਂ। ਉਹ ਬਸ "ਉਸ ਦੇ ਰਾਹਾਂ ਦੀਆਂ ਕਿਨਾਰੀਆਂ" ਸਨ। ਪਰਮੇਸ਼ੁਰ ਸੱਚਮੁੱਚ ਸਾਡੀ ਸਮਝ ਤੋਂ ਪਰੇ ਹੈ!

ਪਰਮੇਸ਼ੁਰ ਦੀ ਅਸਚਰਜ ਸ਼ਕਤੀ ਅਤੇ ਸਾਰੀ ਸ੍ਰਿਸ਼ਟੀ ਉੱਤੇ ਨਿਯੰਤਰਣ ਤੇ ਵਿਚਾਰ ਕਰਨਾ ਜ਼ਬਰਦਸਤ ਹੈ। ਇਕ ਪਲ ਲਈ, ਆਓ ਆਪਾਂ ਉਨ੍ਹਾਂ ਲੋਕਾਂ ਦੇ ਵੱਖੋ-ਵੱਖਰੇ ਸਮੂਹਾਂ ਤੇ ਗੌਰ ਕਰੀਏ ਜਿਨ੍ਹਾਂ ਤੇ ਪਰਮੇਸ਼ੁਰ ਰਾਜ ਕਰਦਾ ਹੈ।

*ਵਿਅਕਤੀਗਤ*/ ਵਿਅਕਤੀਗਤ ਤੌਰ ਤੇ ਉਸ ਦਾ ਸਾਡੇ ਬਾਰੇ ਗਿਆਨ ਮਨ ਨੂੰ ਹੈਰਾਨ ਕਰਦਾ ਹੈ। ਪਰਮੇਸ਼ੁਰ ਸਾਡੇ ਹਰੇਕ ਵਿਚਾਰ ਨੂੰ ਜੋ ਸਾਡੇ ਮਨ ਵਿਚ ਹੁੰਦਾ ਹੈ ਅਤੇ ਹਰੇਕ ਕੰਮ ਨੂੰ ਜੋ ਅਸੀਂ ਕਰਦੇ ਹਾਂ ਜਾਣਦਾ ਹੈ। ਦਾਊਦ ਨੇ ਲਿਖਿਆ, "ਹੇ ਯਹੋਵਾਹ, ਤੈਂ ਮੈਨੂੰ ਪਰਖ ਲਿਆ ਤੇ ਜਾਣ ਲਿਆ, ਤੂੰ ਮੇਰਾ ਬੈਠਣਾ ਉੱਠਣਾ ਜਾਣਦਾ ਹੈਂ, ਤੂੰ ਮੇਰੀ ਵਿਚਾਰ ਨੂੰ ਦੂਰ ਤੋਂ ਹੀ ਸਮਝ ਲੈਂਦਾ ਹੈਂ, ਤੂੰ ਮੇਰੇ ਚੱਲਣੇ ਤੇ ਮੇਰੇ ਲੇਟਣੇ ਦੀ ਛਾਨਬੀਨ ਕਰਦਾ ਹੈਂ, ਅਤੇ ਮੇਰੀਆਂ ਸਾਰੀਆਂ ਚਾਲਾਂ ਤੋਂ ਵਾਕਫ਼ ਹੈਂ" (ਜ਼ਬੂਰ 139:1-3)। ਯਿਸੂ ਨੇ ਕਿਹਾ, "ਤੁਹਾਡੇ ਸਿਰ ਦੇ ਵਾਲ ਵੀ ਸਭ ਗਿਣੇ ਹੋਏ ਹਨ" (ਲੂਕਾ 12:7)।

*ਕਲੀਸੀਆ*/ ਪਰਮੇਸ਼ੁਰ ਦੇ ਆਪਣੇ ਲੋਕਾਂ ਅਰਥਾਤ ਕਲੀਸੀਆ ਬਾਰੇ ਪਰਮੇਸ਼ੁਰ ਦੇ ਗਿਆਨ ਬਾਰੇ ਵਿਚਾਰ ਕਰਨਾ ਵੀ ਹੈਰਾਨੀਜਨਕ ਹੈ। ਪੌਲੁਸ ਨੇ ਲਿਖਿਆ, "ਪ੍ਰਭੂ ਆਪਣਿਆਂ ਨੂੰ ਜਾਣਦਾ ਹੈ" (2 ਤਿਮੋਥਿਉਸ 2:19)। ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਹਰੇਕ ਵਿਅਕਤੀ ਨੂੰ ਜਾਣਦਾ ਹੈ ਜੋ ਮਸੀਹ ਵਿਚ ਬਚਾਇਆ ਗਿਆ ਹੈ। ਉਹ ਆਪਣੇ ਸਾਰੇ ਬੱਚਿਆਂ ਨੂੰ ਉਸ ਨੂੰ ਪ੍ਰਾਰਥਨਾ ਕਰਨ ਦਾ ਸੱਦਾ ਦਿੰਦਾ ਹੈ, ਇਹ ਜਾਣਦੇ ਹੋਏ ਕਿ ਸਾਡੇ ਮੰਗਣ ਤੋਂ ਪਹਿਲਾਂ ਉਸ ਨੂੰ ਪਤਾ ਹੈ ਕਿ ਸਾਨੂੰ ਕਿਸ ਚੀਜ਼ ਦੀ ਲੋੜ ਹੈ (ਮੱਤੀ 6:8)। ਪਰਮੇਸ਼ੁਰ ਸਾਡੀਆਂ ਸਾਰੀਆਂ ਪ੍ਰਾਰਥਨਾਵਾਂ ਨੂੰ ਸੁਣਨ ਅਤੇ ਸਾਡੇ ਭਲੇ ਲਈ ਕੰਮ ਕਰਨ ਦੀ ਸਮਰੱਥਾ ਰੱਖਦਾ ਹੈ (1 ਯੂਹੰਨਾ 5:14, 15)।

*ਸਾਰੇ ਲੋਕ*/ ਸਾਰੇ ਲੋਕਾਂ ਬਾਰੇ ਪਰਮੇਸ਼ੁਰ ਦੇ ਗਿਆਨ ਬਾਰੇ ਵਿਚਾਰ ਕਰਨਾ ਉਸ ਨਾਲੋਂ ਵੀ ਜ਼ਿਆਦਾ ਹੈ ਜੋ ਅਸੀਂ ਜਾਣ ਸਕਦੇ ਹਾਂ। ਇਸ ਸਮੇਂ, ਗਣਨਾ ਸੰਕੇਤ ਦਿੰਦੀਆਂ ਹਨ ਕਿ

ਵਿਸ਼ਵ ਦੀ ਆਬਾਦੀ ਸੱਤ ਅਰਬ ਲੋਕਾਂ ਦੇ ਨੇੜੇ ਹੈ। ਫਿਰ ਵੀ, ਪਰਮੇਸ਼ੁਰ ਹਰੇਕ ਵਿਅਕਤੀ ਨੂੰ ਜਾਣਦਾ ਹੈ ਅਤੇ ਨਾਲ ਹੀ ਉਹ ਸਾਨੂੰ ਜਾਣਦਾ ਹੈ। ਇਸ ਤੋਂ ਇਲਾਵਾ, ਉਹ ਹਰ ਕਿਸੇ ਬਾਰੇ ਚਿੰਤਤ ਹੈ, "ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)।

*ਜੀਉਂਦੇ ਅਤੇ ਮੁਰਦਾ।* ਅੰਤ ਵਿਚ, ਇਹ ਸਮਝਣਾ ਸਮਝ ਤੋਂ ਪਰੇ ਹੈ ਕਿ ਪਰਮੇਸ਼ੁਰ ਜੀਉਂਦਿਆਂ ਅਤੇ ਮਰੇ ਹੋਇਆਂ ਨੂੰ ਜਾਣਦਾ ਹੈ, ਹਰ ਉਹ ਵਿਅਕਤੀ ਜੋ ਕਦੇ ਧਰਤੀ ਉੱਤੇ ਜੀਉਂਦਾ ਸੀ। ਇਹ ਤੱਥ ਇਸ ਗੱਲ ਤੋਂ ਸਪੱਸ਼ਟ ਹੈ ਕਿ ਮਸੀਹ ਦੀ ਦੂਜੀ ਆਮਦ ਤੋਂ ਬਾਅਦ, ਪਰਮੇਸ਼ੁਰ ਜੀਉਂਦੇ ਅਤੇ ਮੁਰਦਾ ਸਭਨਾਂ ਦਾ ਨਿਆਂ ਕਰੇਗਾ (ਯੂਹੰਨਾ 5:28, 29; 2 ਕੁਰਿੰਥੀਆਂ 5:10)।

ਜਿਵੇਂ ਕਿ ਪੌਲੁਸ ਨੇ ਕਿਹਾ ਹੈ, "ਵਾਹ, ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਉਂ ਕੇਡੇ ਅਣ-ਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!" (ਰੋਮੀਆਂ 11:33)। ਪਰਮੇਸ਼ੁਰ ਸੱਚਮੁੱਚ ਸਾਡੀ ਸਮਝ ਤੋਂ ਪਰੇ ਹੈ! ਡੀ. ਸਟੀਵਾਰਟ

---

## ਟਿੱਪਣੀਆਂ

[1]ਐਚ. ਐਚ. ਰਾਉਲੀ, *ਅੱਯੂਬ*, ਦੀ ਸੈਂਚੁਰੀ ਬਾਈਬਲ, ਨਿਊ ਸੀਰੀਜ਼ (ਗ੍ਰੀਨ-ਵੁੱਡ, ਸਾਊਥ ਕੈਰੋਲਾਈਨਾ: ਦ ਐਟਿਕ ਪ੍ਰੈੱਸ, ਇੰਕ, 1970), 215; ਨੇਰਮੈਨ ਸੀ. ਹਾਬੇਲ, *ਦ ਬੁਕ ਆਫ਼ ਅੱਯੂਬ*, ਦ ਕੈਮਬਰਿਜ ਬਾਈਬਲ ਕਮੈਂਟਰੀ (ਕੈਮਬਰਿਜ: ਕੈਮਬਰਿਜ ਯੂਨੀਵਰਸਿਟੀ ਪ੍ਰੈਸ, 1975), 135; ਅਤੇ ਵਿਲੀਅਮ ਡੀ. ਰੀਬਰਨ *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੁਸਾਇਟੀਜ਼, 1992), 472. [2]ਫ੍ਰਾਂਸਿਸ ਆਈ. ਐਂਡਰਸਨ *ਅੱਯੂਬ, ਐਨ ਇੰਟਰੋਡਰਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 216. [3]ਉਸੇ ਸਥਾਨ ਤੇ, ਨੰਬਰ 1. [4]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 363. [5]ਐਂਡਰਸਨ, 217. [6]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 228. [7]ਵੇਨ ਜੈਕਸਨ, *ਦ ਬੁਕ ਆਫ਼ ਅੱਯੂਬ* (ਐਬੀਲੀਨ, ਟੈਕਸਾਸ: ਕੁਆਲਿਟੀ ਪਬਲੀਕੇਸ਼ਨਜ਼, 1983), 125. [8]ਹਾਰਟਲੀ, 365. [9]ਹੇਲੀ, 231.